ਪ੍ਰਸਨ ਨੰ:1 ਕੀ ਆਧਾਰ ਕਾਰਡ ਹੋਣਾ ਲਾਜਮੀ ਹੈ?

ਉੱਤਰ : ਆਧਾਰ ਕਾਰਡ ਹਰ ਸਕੀਮ ਵਿੱਚ ਕੰਪਲਸਰੀ ਕੀਤਾ ਗਿਆ ਹੈ, ਪ੍ਰੰਤੂ ਜਿੰਨ੍ਹਾਂ ਵਿਦਿਆਰਥੀਆਂ ਦੇ ਆਧਾਰ ਨਹੀਂ ਹਨ, ਨੂੰ ਆਧਾਰ ਬਣਾਉਣ ਲਈ ਤੁਰੰਤ ਲਿਸਟਾਂ ਬਣਾ ਕੇ ਜਿਲ੍ਹਾ ਸਿੱਖਿਆ ਅਫਸਰ ਅਤੇ MC co-ordinator ਨੂੰ ਦੱਸਿਆ ਜਾਵੇ ਤਾਂ ਜੋ ਤੁਰੰਤ ਕੈਂਪ ਲਗਾ ਕੇ ਆਧਾਰ ਬਣਾਏ ਜਾ ਸਕਣ। ਵਿਦਿਆਰਥੀਆਂ ਦੀ ਗਿਣਤੀ ਦੇ ਆਧਾਰ ਤੇ ਕੈਂਪ ਲਗਾਏ ਜਾਣਗੇ, ਜਿਸ ਵਿੱਚ ਜਿਲ੍ਹਾ ਪੱਧਰ ਤੇ ਡੀ.ਸੀ ਅਤੇ ਵੈਬਸਾਈਟ ਤੇ ਪਾਈਆਂ ਕੰਪਨੀਆਂ ਹੈਲਪ ਕਰਵਾਉਣਗੇ। ਸਕਾਲਰਸਿਪ ਭਰਨ ਸਮੇਂ ਵਿਦਿਆਰਥੀ ਜਿਹੜੇ ਕਿਸੇ ਵੀ ਸਕੀਮ ਅਧੀਨ ਆਉਂਦੇ ਹਨ, ਨੂੰ ਸਮਾਂ ਦੇ ਕੇ ਆਧਾਰ ਬਣਾਉਣ ਵਿੱਚ ਹੈਲਪ ਕੀਤੀ ਜਾਵੇ, ਕਿਉਂਕਿ ਵਜੀਫੇ ਦੀਆਂ ਸਕੀਮਾਂ ਵਿੱਚ ਆਧਾਰ ਭਰਵਾਉਣਾ ਜਰੂਰੀ ਵੀ ਹੈ ਅਤੇ ਵਿਦਿਆਰਥੀ ਨੂੰ ਇਸ ਲਾਭ ਤੋਂ ਵਾਂਝੇ ਨਾ ਰੱਖਣ ਲਈ ਆਧਾਰ ਕਾਰਡ ਬਣਾਉਣ ਦੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੈ।

ਪ੍ਰਸਨ ਨ: 2 ਜੇਕਰ ਕਿਸੇ ਵੀ ਵਿਦਿਆਰਥੀ ਦਾ ਆਧਾਰ ਬਣਾਉਣ ਲਈ ਲੋੜੀਂਦੇ ਦਸਤਾਵੇਜ ਨਹੀਂ ਹਨ?

ਉੱਤਰ ਸਕੂਲ ਦੇ ਲੈਟਰ ਹੈੱਡ ਤੇ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਜਨਮ ਮਿਤੀ ਅਤੇ ਘਰ ਦਾ ਪਤਾ ਦਿੱਤਾ ਜਾਵੇ ਤਾਂ ਵਿਦਿਆਰਥੀ ਮੁੱਖੀ ਦੇ ਹਸਤਾਖਰ ਨਾਲ ਆਧਾਰ ਕਾਰਡ ਬਣਾਉਣ ਦੇ ਯੋਗ ਸਮਝਿਆ ਜਾਵੇਗਾ। ਜੇਕਰ ਕਿਸੇ ਵੀ ਤਰ੍ਹਾਂ ਦੀ ਕੋਈ ਮੁਸਕਲ ਪੇਸ ਹੁੰਦੀ ਹੈ ਤਾਂ ਵੈਬਸਾਈਟ ਤੇ ਪਾਏ ਆਪਣੇ ਜਿਲ੍ਹੇ ਨੂੰ UIDAI ਵਿਭਾਗ ਦੇ ਨੁਮਾਇੰਦੇ ਨਾਲ ਸੰਪਰਕ ਕੀਤਾ ਜਾਵੇ।

ਪ੍ਰਸਨ ਨੰ: 3 ਕੀ ਆਧਾਰ ਨੰਬਰ ਨਾ ਹੋਣ ਤੇ ਇਨਰੋਲਮੈਂਟ ਨੰਬਰ ਭਰਿਆ ਜਾ ਸਕਦਾ ਹੈ?

ਉੱਤਰ ਆਧਾਰ ਨੰਬਰ ਨਾ ਹੋਣ ਤੇ ਤੁਰੰਤ ਆਧਾਰ ਬਣਾ ਕੇ ਇਨਰੋਲਮੈਂਟ ਆਈ.ਡੀ ਭਰ ਦਿੱਤਾ ਜਾਵੇ, ਤਾਂ ਜੋ ਕੋਈ ਵੀ ਵਿਦਿਆਰਥੀ ਵਜੀਫੇ ਦਾ ਲਾਭ ਲੈਣ ਤੋਂ ਵਾਂਝਾ ਨਾ ਰਹਿ ਜਾਵੇ ਅਤੇ ਇਸ ਦੀ ਪੂਰੀ ਜਿੰਮੇਵਾਰੀ ਸਕੂਲ ਦੇ ਪ੍ਰਿੰਸੀਪਲ ਦੀ ਹੋਵੇਗੀ। ਯਾਦ ਰਹੇ ਆਧਾਰ ਨੰਬਰ ਭਰਨ ਤੋਂ ਪਹਿਲਾਂ ਕਾਰਡ ਦੀ ਫੋਟੋਕਾਪੀ ਲਗਾਈ ਜਾਵੇ ਜੋ ਕਿ 12 ਅੰਕਾਂ ਦਾ ਹੋਣਾ ਲਾਜਮੀ ਹੈ, ਈ-ਆਈ.ਡੀ ਨੰਬਰ 28 ਅੰਕਾਂ ਦਾ ਹੋਣਾ ਲਾਜਮੀ ਹੈ।

ਪ੍ਰਸਨ ਨੰ: 4 ਕੀ ਵਿਦਿਆਰਥੀਆਂ ਦਾ ਅਕਾਊਂਟ ਆਪਣੇ ਨਾਂ ਤੇ ਹੋਣਾ ਜਰੂਰੀ ਹੈ?

ਉੱਤਰ ਇੱਕ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀ ਆਪਣੇ ਮਾਪਿਆਂ ਦੇ ਨਾਂ ਤੇ ਬੈਂਕ ਅਕਾਊਂਟ ਵਰਤ ਸਕਦੇ ਹਨ, ਤਾਂ ਸਕੀਮ ਵਿੱਚ ਪੁੱਛੇ ਜਾਣ ਤੇ ਜੁਆਇੰਟ ਅਕਾਊਂਟ ਸੋਅ ਕਰਨਾ ਹੈ।

ਪ੍ਰਸਨ ਨੰ: 5 ਆਧਾਰ ਨੂੰ ਲਾਜਮੀ ਕਰਨ ਦਾ ਕਾਰਨ ਕੀ ਹੈ?

ਉੱਤਰ ਸਾਲ 2012 ਤੋਂ ਆਨ ਲਾਈਨ ਹੋਣ ਕਾਰਨ ਜੋ ਧਿਆਨ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਨੇ ਦੋ ਸਕੀਮਾਂ ਅਤੇ ਦੋ ਸੰਸਥਾਵਾਂ ਵਿੱਚ ਅਪਲਾਈ ਕਰਕੇ ਬੈਨੀਫਿਟ ਲਿਆ ਹੈ, ਇਸਲਈ ਡੁਪਲੀਕੇਸੀ ਹਟਾਉਣ ਲਈ ਆਧਾਰ ਲਾਜਮੀ ਕੀਤਾ ਗਿਆ ਹੈ।

ਪ੍ਰਸਨ ਨੰ: 6 ਮਨਿਓਰਟੀ ਸਕੀਮ ਵਿੱਚ ਕਿਹੜੀਆਂ ਜਾਤਾਂ ਨੂੰ ਵਜੀਫਾ ਦੇਣਾ ਹੈ?

ਉੱਤਰ ਭਾਰਤ ਸਰਕਾਰ ਵੱਲੋਂ 6 ਜਾਤਾਂ ਜੋ ਪੰਜਾਬ ਵਿੱਚ ਅਲੀਜਿਬਲ ਹਨ, ਨੂੰ ਵਜੀਫਾ ਦਿੱਤਾ ਜਾਣਾ ਹੈ। ਸਿੱਖ, ਮੁਸਲਮਾਨ, ਬੁੱਧ, ਪਾਰਸੀ, ਜੈਨ ਅਤੇ ਇਸਾਈ ਤੋਂ ਇਲਾਵਾ ਜੇਕਰ ਕੋਈ ਵਿਦਿਆਰਥੀ ਆਪਣੀ ਦੱਸੀ ਜਾ ਰਹੀ ਜਾਤ ਤੋਂ ਸੈਂਕਸਨ ਕਰਨ ਵਾਲੇ ਸਕੂਲ ਮੁੱਖੀ ਨੂੰ ਇਹ ਜਾਪੇ ਕਿ ਵਿਦਿਆਰਥੀ ਦੀ ਦੱਸੀ ਜਾਣ ਵਾਲੀ ਜਾਤ ਨਾਲ ਮੈਚ ਨਾ ਕਰ ਰਿਹਾ ਹੋਵੇ ਤਾਂ ਉਸ ਤੋਂ ਸਵੈ-ਘੋਸਨਾ (Baptism) ਸਰਟੀਫਿਕੇਟ ਲਿਆ ਜਾਵੇ।

ਪ੍ਰਸਨ ਨੰ:7 ਮਨਿਓਰਿਟੀ ਸਕੀਮ ਵਿੱਚ ਫੀਸ ਕਿੰਨੀ ਲਈ ਜਾਣੀ ਹੈ?

ਉੱਤਰ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਤੋਂ 1 ਤੋਂ 8ਵੀਂ ਜਮਾਤ ਤੱਕ ਕੋਈ ਫੀਸ ਨਹੀਂ ਲਈ ਜਾਂਦੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ ਵੱਧ ਤੋਂ ਵੱਧ ਸਕੀਮ ਅਧੀਨ ਦਰਸਾਈ ਪ੍ਰੰਤੂ ਅਸਲ ਲਈ ਜਾ ਰਹੀ ਹੈ, ਲਈ ਕਲੇਮ ਭੇਜਿਆ ਜਾਵੇਗਾ।

ਪ੍ਰਸਨ ਨੰ: 8 ਸਕੂਲ ਵਿੱਚ ਵਿਦਿਆਰਥੀਆਂ ਦੇ ਵਜੀਫੇ ਦੀ ਜਿੰਮੇਵਾਰੀ ਕਿਸ ਤੇ ਹੈ?

ਉੱਤਰ ਪੂਰੇ ਸਕੂਲ ਵਿੱਚ ਦੋ ਹੀ ਅਧਿਆਪਕ ਵਜੀਫੇ ਦੇ ਇੰਚਾਰਜ ਹੋਣਗੇ। ਇੱਕ ਪ੍ਰੀ-ਮੈਟ੍ਰਿਕ ਸਕੀਮਾਂ ਅਤੇ ਇੱਕ ਪੋਸਟ ਮੈਟ੍ਰਿਕ ਸਕੀਮਾਂ ਦੇ, ਪ੍ਰੰਤੂ ਅਸਲ ਜਿੰਮੇਵਾਰੀ ਕਲਾਸ ਇੰਚਾਰਜ ਦੀ ਹੋਵੇਗੀ।

ਪ੍ਰਸਨ ਨੰ: 9 ਇੱਕ ਵਿਦਿਆਰਥੀ ਕਿੰਨੀਆਂ ਸਕੀਮਾਂ ਅਧੀਨ ਲਾਭ ਲੈ ਸਕਦਾ ਹੈ?

ਉੱਤਰ ਇੱਕ ਵਿਦਿਆਰਥੀ ਇੱਕ ਸਕੀਮ ਅਧੀਨ ਹੀ ਵਜੀਫਾ ਲੈ ਸਕਦਾ ਹੈ, ਸਿਵਾਏ NSIGSE, ਸਪੈਸਲ ਗ੍ਰਾਂਟ ਟੂ ਐਸ.ਸੀ ਗਰਲਜ ਸਕੀਮ , ਅਵਾਰਡ ਟੂ ਐਸ.ਸੀ ਬ੍ਰਿਲੀਐਂਟ ਸਟੂਡੈਂਟਸ ਅਤੇ ਐਸ.ਸੀ ਸਪੋਰਟਸ ਸਕੀਮ।

ਪ੍ਰਸਨ ਨੰ:10 ਕੀ ਇਹ ਵਜੀਫਾ ਪੰਜਾਬ ਦੇ ਰਹਿਣ ਵਾਲੇ ਵਿਦਿਆਰਥੀਆਂ ਲਈ ਹੀ ਹੈ?

ਉੱਤਰ: ਇਹ ਵਜੀਫਾ ਪੰਜਾਬ ਦੇ ਰਹਿਣ ਵਾਲੇ ਵਿਦਿਆਰਥੀ ਨੂੰ ਹੀ ਮਿਲੇਗਾ।

ਪ੍ਰਸਨ ਨੰ: 11 ਯੂ.ਟੀ ਵਿੱਚ ਪੜ੍ਹ ਰਹੇ ਪੰਜਾਬ ਦੇ ਵਿਦਿਆਰਥੀਆਂ ਨੂੰ ਵਜੀਫਾ ਕਿੱਥੋਂ ਮਿਲੇਗਾ ਜਾਂ ਯੂ.ਟੀ ਦੇ ਵਿਦਿਆਰਥੀ ਜੋ ਕਿ ਪੰਜਾਬ ਵਿੱਚ ਪੜ੍ਹ ਰਹੇ ਹਨ ਉਹ ਵਜੀਫੇ ਲਈ ਅਪਲਾਈ ਕਿੱਥੋਂ ਕਰਨਗੇ?

ਉੱਤਰ ਸਬੰਧਤ ਵਿਦਿਆਰਥੀ ਆਪਣਾ ਵਜੀਫੇ ਸਬੰਧੀ ਕੇਸ ਡੀ.ਪੀ.ਆਈ(ਯੂ.ਟੀ) ਰਾਹੀਂ ਇਸ ਦਫਤਰ ਨੂੰ ਆਪਣੇ ਕਲੇਮ ਮੈਨੂਅਲ ਕੇਸ ਰਾਹੀਂ ਪਹਿਲਾਂ ਦੀ ਤਰ੍ਹਾਂ ਹੀ ਭੇਜਣਗੇ।

ਪ੍ਰਸ਼ਨ ਨੰ12 ਜੇਕਰ ਸਕੂਲ ਤੋਂ ਵਜੀਫਾ ਭਰਨ ਸਮੇਂ ਕੋਈ ਵਿਦਿਆਰਥੀ ਦੇ ਡਾਟੇ ਵਿੱਚ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਹ ਗਲਤੀ ਨੂੰ ਸਹੀ ਕਿਵੇਂ ਕਰਵਾਏਗਾ?

ਉੱਤਰ: ਕਿਉਂਜੋ ਸਕੂਲ ਵੱਲੋਂ ਪੋਰਟਲ ਤੇ ਅਪਲਾਈ ਕਰਨ ਸਮੇਂ ਜੇਕਰ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਸ ਨੂੰ ਠੀਕ ਕਰਨ ਲਈ ਅਪਰੂਵ ਕਰਨ ਤੋਂ ਪਹਿਲਾਂ ਹੇਠ ਲਿਖੇ ਅਨੁਸਾਰ ਸਟੈਪਸ ਹਨ:-

Opt Scholarship ⟶ Update Scholarship ⟶ Approve Scholarship

**Opt** ਕਰਨ ਉਪਰੰਤ **Update** ਸਮੇਂ ਆਪਣੇ ਭੇਜੇ ਡਾਟੇ ਵਿੱਚ **change** ਕੀਤੀ ਜਾ ਸਕਦੀ ਹੈ, ਕਿਉਂਜੋ ਸਕੂਲ ਦੇ ਡਾਟੇ ਵਿੱਚ ਵਿਦਿਆਰਥੀ ਦਾ ਨਾਂ ਕੱਟ ਜਾਂਦਾ ਹੈ। ਇਸਲਈ ਜੇਕਰ ਇੱਕ ਸਕੀਮ ਤੋਂ ਦੂਜੀ ਸਕੀਮ ਵਿੱਚ ਜਾਣਾ ਹੋਵੇ ਤਾਂ ਵਿਦਿਆਰਥੀ ਨੂੰ ਜਿਸ ਸਕੀਮ ਵਿੱਚੋਂ ਕੱਟਣਾ ਹੈ, ਉਸ ਵਿੱਚੋਂ ਉਸ ਦਾ ਨਾਂ ਕੱਟ ਦਿੱਤਾ ਜਾਵੇ ਅਤੇ ਵਿਦਿਆਰਥੀ ਦਾ ਨਾਂ **automatically** ਸਕੂਲ ਦੀ ਲਿਸਟ ਵਿੱਚ ਚਲਾ ਜਾਵੇਗਾ , ਫਿਰ ਉਸ ਦਾ ਨਾਂ ਜਿਸ ਵੀ ਸਕੀਮ ਵਿੱਚ ਪਾਣਾ ਹੋਵੇ ਪਾਇਆ ਜਾ ਸਕਦਾ ਹੈ।

ਪ੍ਰਸਨ ਨੰ: 13 ਜੇਕਰ ਕਿਸੇ ਵਿਦਿਆਰਥੀ ਦਾ ਆਮਦਨ ਹੱਦ ਵਾਲਾ ਸਰਟੀਫਿਕੇਟ ਨਹੀਂ ਬਣਿਆ ਤਾਂ ਕਿੱਥੋਂ ਬਣਾਵੇਗਾ?

ਉੱਤਰ: ਸਾਰੀਆਂ ਸਕੀਮਾਂ ਵਿੱਚ ਆਮਦਨ ਹੱਦ ਲਈ ਨੱਥੀ ਪੱਤਰ ਅਨੁਸਾਰ ਸਵੈ-ਘੋਸਨਾ ਦੇਣ ਦਾ ਉਪਬੰਧ ਹੈ। (ਪੱਤਰ ਨੱਥੀ ਹੈ)

ਪ੍ਰਸਨ ਨੰ: 14 ਕੀ ਕੈਟਾਗਰੀ ਦਾ ਸਰਟੀਫਿਕੇਟ ਅਤੇ ਆਮਦਨ ਹੱਦ ਦਾ ਸਰਟੀਫਿਕੇਟ ਸਕੈਨ ਕਰਕੇ ਪਾਉਣੇ ਹਨ?

ਉੱਤਰ: ਇਹ ਲਾਜਮੀ ਨਹੀਂ ਹੈ ਕਿ ਕੈਟਾਗਰੀ ਅਤੇ ਆਮਦਨ ਹੱਦ ਦਾ ਸਰਟੀਫਿਕੇਟ ਸਕੈਨ ਕਰਕੇ ਪਾਉਣੇ ਹਨ, ਪਰ ਇਹ ਸਕੂਲ ਦੇ ਰਿਕਾਰਡ ਵਿੱਚ ਕਲਾਸ ਇੰਚਾਰਜ ਕੋਲ ਹੋਣੇ ਚਾਹੀਦੇ ਹਨ।

ਪ੍ਰਸਨ ਨੰ:15 ਜੇਕਰ ਸਕੂਲ ਵੱਲੋਂ ਕਿਸੇ ਵਿਦਿਆਰਥੀ ਨੂੰ ਕਿਸੇ ਗਲਤ ਸਕੀਮ ਵਿੱਚ ਅਪਲਾਈ ਕੀਤਾ ਜਾਂਦਾ ਹੈ ਤਾਂ ਉਸ ਨੂੰ ਕਿਵੇਂ ਠੀਕ ਕਰਨਾ ਹੈ?

ਉੱਤਰ ਕਿਉਂਜੋ ਸਕੂਲ ਵੱਲੋਂ ਪੋਰਟਲ ਤੇ ਅਪਲਾਈ ਕਰਨ ਸਮੇਂ ਜੇਕਰ ਕੋਈ ਗਲਤੀ ਹੋ ਜਾਂਦੀ ਹੈ ਤਾਂ ਉਸ ਨੂੰ ਠੀਕ ਕਰਨ ਲਈ ਅਪਰੂਵ ਕਰਨ ਤੋਂ ਪਹਿਲਾਂ ਹੇਠ ਲਿਖੇ ਅਨੁਸਾਰ ਸਟੈਪਸ ਹਨ:-

Opt Scholarship ----> Delete Scholarship -----> opt scholarship -----> Approve Scholarship

**Opt** ਕਰਨ ਉਪਰੰਤ, ਜੇਕਰ ਇੱਕ ਸਕੀਮ ਤੋਂ ਦੂਜੀ ਸਕੀਮ ਵਿੱਚ ਜਾਣਾ ਹੋਵੇ ਤਾਂ ਵਿਦਿਆਰਥੀ ਨੂੰ ਜਿਸ ਸਕੀਮ ਵਿੱਚੋਂ ਕੱਟਣਾ ਹੈ, ਉਸ ਵਿੱਚੋਂ ਉਸ ਦਾ ਨਾਂ ਕੱਟ ਕੇ ਤਾਂ ਵਿਦਿਆਰਥੀ ਦਾ ਨਾਂ **automatically** ਸਕੂਲ ਦੀ ਲਿਸਟ ਵਿੱਚ ਚਲਾ ਜਾਵੇਗਾ , ਫਿਰ ਉਸ ਦਾ ਨਾਂ ਜਿਸ ਵੀ ਸਕੀਮ ਵਿੱਚ ਪਾਣਾ ਹੋਵੇ ਪਾਇਆ ਜਾ ਸਕਦਾ ਹੈ।

ਪ੍ਰਸ਼ਨ ਨੰ:16 ਜੇਕਰ ਕਿਸੇ ਗਲਤ ਸਕੀਮ ਵਿੱਚ ਵਿਦਿਆਰਥੀ ਨੂੰ ਬੈਨੀਫਿਟ ਦੇ ਦਿੱਤਾ ਹੈ ਅਤੇ ਅਪਰੂਵ ਕਰ ਦਿੱਤਾ ਹੋਵੇ, ਤਾਂ ਉਸ ਸਬੰਧੀ ਕੀ ਕਾਰਵਾਈ ਬਣਦੀ ਹੈ?

ਉੱਤਰ: ਜੇਕਰ ਕਿਸੇ ਗਲਤ ਸਕੀਮ ਵਿੱਚ ਵਿਦਿਆਰਥੀ ਨੂੰ ਬੈਨੀਫਿਟ ਦੇ ਦਿੱਤਾ ਹੈ ਅਤੇ ਅਪਰੂਵ ਕਰ ਦਿੱਤਾ ਹੋਵੇ ਤਾਂ ਸਕੂਲ ਮੁੱਖੀ ਤੋਂ ਲਿਖਵਾ ਕੇ ਲਿਆ ਜਾਵੇ ਕਿ ਡਾਟਾ ਗਲਤ ਭਰ ਦਿੱਤਾ ਹੈ, ਜਿਸ ਨੂੰ ਫਿਰ ਤੋਂ ਅਪਡੇਟ ਕਰਨਾ ਹੈ ਤਾਂ ਲਿਖਤੀ ਤੌਰ ਤੇ ਲਿਆ ਜਾਵੇ।

ਪ੍ਰਸਨ ਨੰ: 17 ਪ੍ਰੀ-ਮੈਟ੍ਰਿਕ ਮਨਿਓਰਿਟੀ ਵਿੱਚ ਐਡਮੀਸਨ ਫੀਸ/ਟਿਊਸਨ ਫੀਸ ਕਿੰਨੀ ਭਰਨੀ ਹੈ?

ਉੱਤਰ ਪ੍ਰੀ-ਮੈਟ੍ਰਿਕ ਮਨਿਓਰਿਟੀ ਵਿੱਚ ਸਕੀਮ ਅਪਡੇਟ ਕਰਨ ਉਪਰੰਤ ਐਡਮੀਸਨ ਫੀਸ/ਟਿਊਸਨ ਫੀਸ ਦਾ ਡਾਟਾ ਖੁੱਲਣ ਤੇ ਜੋ ਅਸਲ ਫੀਸ/ ਐਡਮੀਸਨ ਫੀਸ ਦੋਵਾਂ ਵਿੱਚ ਲਈ ਜਾਂਦੀ ਹੈ, ਉਹ ਹੀ ਭਰਨੀ ਹੈ। ਭਾਰਤ ਸਰਕਾਰ ਵੱਲੋਂ ਇਸ ਵਿੱਚ ਐਡਮੀਸਨ ਫੀਸ 500/- ਰੁ: ਅਤੇ ਟਿਊਸਨ ਫੀਸ 350/- ਰੁ: ਤੋਂ ਵੱਧ ਨਹੀਂ ਲੈ ਸਕਦੇ।

ਪ੍ਰਸਨ 18 ਜੇਕਰ ਕੋਈ ਵਿਦਿਆਰਥੀ ਇੱਕ ਤੋਂ ਵੱਧ ਵਜੀਫਾ ਸਕੀਮਾਂ ਲਈ ਯੋਗ ਹੈ, ਤਾਂ ਉਸ ਨੂੰ ਕਿਸ ਸਕੀਮ ਦੀ ਚੋਣ ਕਰਨੀ ਚਾਹੀਦੀ ਹੈ?

ਉੱਤਰ ਇਹ ਫੈਸਲਾ ਵਿਦਿਆਰਥੀ ਨੇ ਆਪਣੇ ਮਾਪਿਆਂ ਅਤੇ ਅਧਿਆਪਕ ਨਾਲ ਸਲਾਹ ਕਰਕੇ ਲੈਣਾ ਹੈ ਕਿ ਉਹ ਕਿਸ ਸਕੀਮ ਅਧੀਨ ਲਾਭ ਲੈਣਾ ਚਾਹੁੰਦਾ ਹੈ। ਵੈਬਸਾਈਟ ਤੇ ਹਰ ਸਕੀਮ ਵਿੱਚ ਮਿਲਣ ਵਾਲੇ ਵਿੱਤੀ ਲਾਭ ਬਾਰੇ ਦੱਸਿਆ ਗਿਆ ਹੈ।

ਜੇਕਰ ਕੋਈ ਵਿਦਿਆਰਥੀ ਟਝਝਛ.ਅਦ ਸ਼ਗਕੇਸ਼ਰਤਵ ਙਵਗਜਫ ਛਙ ਜਾਂ ਟਝਝਛ.ਅਦ ਸ਼ਗਕੇਸ਼ਰਤਵ ਙਵਗਜਫ ਝਜ਼ਅਰਗਜਵਖ ਲਈ ਯੋਗ ਹੈ, ਤਾਂ ਇੱਥੇ ਇਹ ਦੱਸਣਾ ਬਣਦਾ ਹੈ ਕਿ ਸਰਕਾਰੀ ਜਾਂ ਏਡਿਡ ਸਕੂਲ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਟਝਝਛ ਸਕੀਮ ਵਿੱਚ ਵਜੀਫਾ ਬਾਕੀ ਸਕੀਮਾਂ ਨਾਲੋਂ ਵੱਧ ਮਿਲਦਾ ਹੈ।

ਪ੍ਰਸਨ 19 55-ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ (6ਵੀ ਤੋਂ 12ਵੀ ਕਲਾਸ ਤੱਕ) ਸਕੀਮ ਅਧੀਨ ਕਿਹੜੀ ਕਿਹੜੀ ਖੇਡਾਂ ਲਈਆਂ ਜਾਣੀਆਂ ਹਨ?

ਉਤਰ ਕਬੱਡੀ, ਖੋ-ਖੋ, ਐਥਲੈਟਿਕਸ ,( ਹਾਈਜੰਪ, ਲੌਗਜੰਪ,100 ਮੀਟਰ ਸਪਰਿੱਟ , 400 ਮੀਟਰ ਸਪਰਿੱਟ), ਜਿਮਨਾਸਟਿਕ ।

ਪ੍ਰਸਨ 20 55-ਅਵਾਰਡ ਟੂ ਐਸ.ਸੀ. ਸਪੋਰਟਸ ਸਟੂਡੈਂਟਸ ਵਿੱਚ ਕਿੰਨਾ ਵਜੀਫਾ ਅਤੇ ਕਿਹੜੇ ਕਲਾਸਾਂ ਨੂੰ ਦਿੱਤਾ ਜਾਂਦਾ ਹੈ?

ਉਤਰ ਪ੍ਰਾਇਮਰੀ ਪੱਧਰ=5ਵੀ ਕਲਾਸ ਵਿੱਚ ਖੇਡਣ ਵਾਲੇ ਵਿਦਿਆਰਥੀ (6ਵੀ ,7ਵੀ ਅਤੇ 8ਵੀ ਲਈ = 500 ਰੁ: ਸਾਲਾਨਾ) ਮਿਡਲ ਪੱਧਰ =8ਵੀ ਕਲਾਸ ਵਿੱਚ ਖੇਡਣ ਵਾਲੇ ਵਿਦਿਆਰਥੀ (9ਵੀ, ਅਤੇ 10ਵੀ ਲਈ = 750 ਰੁ: ਸਾਲਾਨਾ) ਹਾਇਰ ਸੈਕੰਡਰੀ=10ਵੀ ਕਲਾਸ ਵਿੱਚ ਖੇਡਣ ਵਾਲੇ ਵਿਦਿਆਰਥੀ (11ਵੀ ਅਤੇ 12ਵੀ ਲਈ = 1000ਰੁ: ਸਾਲਾਨਾ)

| | | |
|---|---|---|
| ਪ੍ਰਸਨ 21 | ਕੀ ਪਿਛਲੇ ਸਾਲਾਂ ਦੇ ਲਏ ਸਪੋਰਟਸ ਅਤੇ ਅਵਾਰਡ ਟੂ ਐਸ.ਸੀ ਬ੍ਰਿਲੀਐਂਟ ਵਿਦਿਆਰਥੀਆਂ ਨੂੰ ਅਗਲੇ ਸਾਲ ਲਈ ਵਜੀਫਾ ਦੇਣਾ ਹੈ? |
| ਉਤਰ | ਹਾਂ ਜੀ ,ਜਿਹੜੇ ਬੱਚੇ, 5ਵੀ,8ਵੀ,10ਵੀ ਜਮਾਤ ਵਿੱਚ ਬਲਾਕ ਪੱਧਰ ਤੇ ਖੇਡਦੇ ਹਨ ਉਹਨਾਂ ਨੂੰ 6ਵੀ , 9ਵੀ ਅਤੇ 11ਵੀ ਕਲਾਸ ਲਈ ਵਜੀਫਾ ਦੇਣਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਵਿਦਿਆਰਥੀ ਫੇਲ ਨਾ ਹੋਇਆ ਹੋਵੇ ਅਤੇ ਪ੍ਰੋਫਾਰਮੇ ਵਿੱਚ ਨਿਊ ਲਿਖ ਕੇ ਦਰਸਾਉਣਾ ਹੈ ਅਤੇ ਪਿਛਲੇ ਸਾਲਾਂ ਦੇ ਇਹਨਾਂ ਕਲਾਸਾਂ ਦੇ ਬੱਚਿਆ ਨੂੰ ਹੀ ਅਗਲੀ ਜਮਾਤ ਲਈ ਰੀਨਿਊ ਕਰਕੇ ਵਜੀਫਾ ਦਿੱਤਾ ਜਾਣਾ ਹੈ। |
| ਪ੍ਰਸਨ 22 | ਪ੍ਰੀ-ਮੈਟ੍ਰਿਕ ਓ.ਬੀ.ਸੀ/ਐਸ.ਸੀ/ਵਿਮੁਕਤ ਜਾਤੀਆਂ ਸਕੀਮ ਵਿੱਚ ਕੈਟਾਗਰੀ ਕਿਸ ਤਰ੍ਹਾਂ ਭਰੀ ਜਾਵੇ? |
| ਉਤਰ | ਇਨ੍ਹਾਂ ਸਕੀਮਾਂ ਦੀਆਂ ਸਬ ਕਾਸਟ/ਕੈਟਾਗਰੀ ਵੀ ਲਿਖੀਆਂ ਜਾਣ, ਕਾਸਟਾ ਜ਼ੋ ਫਿਕਸ ਹਨ, ਉਹ ਹੀ ਪੋਰਟਲ ਵਿੱਚ ਪਾਈਆਂ ਗਈਆਂ ਹਨ। |
| ਪ੍ਰਸਨ 23 | ਵਿਦਿਆਰਥੀਆਂ ਦੇ ਮਾਪਿਆ ਦੀ ਅਸਲ ਆਮਦਨ ਹੱਦ ਸਬੰਧੀ? |
| ਉਤਰ | ਜਮਾਤ ਅਤੇ ਵਜੀਫਾ ਇੰਚਾਰਜ ਵੱਲੋਂ ਵਿਦਿਆਰਥੀਆਂ ਦੇ ਮਾਪਿਆ ਦੀ ਅਸਲ ਆਮਦਨ ਹੱਦ ਵੈਰੀਫਾਈ ਕਰਕੇ ਹੀ ਪਾਈ ਜਾਵੇ। |
| ਪ੍ਰਸਨ 24 | ਸਕੀਮਾਂ ਵਿੱਚ ਬੱਚਿਆ ਦੀ ਜਨਮ ਮਿਤੀ ਕਿਵੇ ਪਾਈ ਜਾਵੇ? |
| ਉਤਰ | ਬੱਚਿਆ ਦੀ ਅਸਲ ਜਨਮ ਮਿਤੀ ਕਲਾਸ ਇੰਚਾਰਜ ਵੱਲੋਂ, ਜਨਮ ਮਿਤੀ ਰਿਕਾਰਡ ਤੋਂ ਪੜ੍ਹ ਕੇ ਹੀ ਪਾਈ ਜਾਵੇ।ਕਿਉ ਜ਼ੋ ਸਾਲ 2015-16 ਦੌਰਾਨ ਵਿਦਿਆਰਥੀਆਂ ਦੀ ਜਨਮ ਮਿਤੀ ਦਾ ਸਾਲ 2015, 2014 , 2013 ਆਦਿ ਪਾਏ ਗਏ ਸਨ ਜ਼ੋ ਕਿ ਮੰਨਣਯੋਗ ਨਹੀਂ ਸੀ। |
| ਪ੍ਰਸਨ 25 | ਸਕੀਮ ਵਿੱਚ ਵਿਦਿਆਰਥੀਆਂ ਦੇ ਬੈਂਕ ਖਾਤੇ/ਆਧਾਰ ਨੰਬਰ ਨੂੰ ਭਰਨ ਸਮੇਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ? |
| ਉਤਰ | ਸਕੀਮ ਵਿੱਚ ਵਿਦਿਆਰਥੀਆਂ ਦੇ ਬੈਂਕ ਖਾਤੇ/ਆਧਾਰ ਨੰਬਰ ਨੂੰ ਭਰਨ ਸਮੇਂ ਪਾਸ ਬੁੱਕ ਅਤੇ ਆਧਾਰ ਕਾਰਡ ਤੋਂ ਵੈਰੀਫਾਈ ਕਰਕੇ ਹੀ ਪਾਇਆ ਜਾਵੇ। |